# ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਡੀਨ ਕਾਲਜ ਵਿਕਾਸ ਕੌਂਸਲ

ਨੰਬਰ 160/ਡੀ/ਸ਼ਿਕਾਇਤਾਂ

ਮਿਤੀ 11/11/2024

ਯੂਨੀਵਰਸਿਟੀ ਨਾਲ ਸਬੰਧਿਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ/ਚੇਅਰਮੈਨ
ਸਾਹਿਬਾਨਾਂ ਨੂੰ

ਡੀਨ ਦਫ਼ਤਰ ਵਿਖੇ ਵੱਖ ਵੱਖ ਕਾਲਜਾਂ ਵਿਖੇ ਪੜ੍ਹਦੇ ਵਿਦਿਆਰਥੀਆਂ ਤੋਂ ਕਾਲਜ/ਯੂਨੀਵਰਸਿਟੀ ਫੀਸਾ ਦੇ ਨਾਮ ਤੇ ਨਗਦੀ ਵਸੂਲ ਕਰਨ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਹਨ੍ਹਾਂ ਸ਼ਿਕਾਇਤਾਂ ਦਾ ਗੰਭੀਰ ਨੋਟਿਸ ਲੈਂਦੇ ਹੋਏ ਸਪਸ਼ਟ ਕੀਤਾ ਜਾਂਦਾ ਹੈ, ਕਿ ਜੇਕਰ ਕਿਸੇ ਵੀ ਕਾਲਜ ਵਿਖੇ ਵਿਦਿਆਰਥੀਆਂ ਤੋਂ ਨਗਦ ਅਦਾਇਗੀ ਰਾਹੀਂ ਫੀਸਾਂ ਵਸੂਲ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਰਾਸ਼ੀ ਲੈਣ ਉਪਰੰਤ ਕੋਈ ਰਸੀਦ ਵੀ ਵਿਦਿਆਰਥੀਆਂ ਨੂੰ ਨਹੀਂ ਦਿੱਤੀ ਜਾਂਦੀ, ਤਾਂ ਉਸ ਕਾਲਜ ਵਿਰੁੱਧ ਨਿਯਮਾਂ ਅਨੁਸਾਰ ਅਨੁਸਾਸ਼ਨੀ ਕਾਰਵਾਈ ਅਰੰਭ ਕਰ ਦਿੱਤੀ ਜਾਵੇਗੀ।

ਵਿਦਿਆਰਥੀਆਂ, ਕਾਲਜ ਅਤੇ ਦੇਸ਼ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਜ਼ਰੂਰੀ ਹੈ ਕਿ ਯੂਨੀਵਰਸਿਟੀ ਨਾਲ ਸਬੰਧਤ ਫੀਸਾਂ ਆਦਿ ਕੇਵਲ ਆਨ-ਲਾਇਨ ਵਿਧੀ ਰਾਹੀਂ ਹੀ ਪ੍ਰਾਪਤ ਕੀਤੀਆਂ ਜਾਣ, ਤਾਂ ਜੋ ਕਿਸੇ ਵੀ ਪ੍ਰਕਾਰ ਦੇ ਵਿੱਤੀ ਲੈਣ-ਦੇਣ ਸਬੰਧੀ ਪਾਰਦਰਸ਼ਤਾ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ ਅਤੇ ਭਵਿੱਖ ਵਿੱਚ ਕਾਲਜ/ਵਿਦਿਆਰਥੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਾਵੇ ਜੀ। ਇਸ ਨੂੰ ਅਤਿ-ਜ਼ਰੂਰੀ ਸਮਝਿਆ ਜਾਵੇ ਜੀ।

Kalj_ 11/11/2024

ਡੀਨ, ਕਾਲਜ ਵਿਕਾਸ ਕੌਂਸਲ